ISSN: 2584-0509

# 'ਹਨੇਰੇ ਵਿਚ ਸੁਲਗਦੀ ਵਰਨਮਾਲਾ': ਇੱਕ ਅਧਿਐਨ


ਹਰਜਿੰਦਰ ਕੌਰ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ,
ਬੇਬੇ ਨਾਨਕੀ
ਯੂਨੀਵਰਸਿਟੀ ਕਾਲਜ,
ਮਿੱਠੜਾਂ, ਕਪੂਰਥਲਾ
+91 70874-63588

ਸਾਹਿਤ ਸਮਾਜਿਕ ਜੀਵਨ ਵਿੱਚੋਂ ਪਨਪਦਾ ਹੈ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਾਹਿਤਕਾਰ ਸਮਕਾਲੀਨ ਸਮਾਜਿਕ ਪਹਿਲੂਆਂ ਨਾਲ ਸੰਵੇਦਨਾਤਮਿਕ ਸਾਂਝ ਪਾਉਂਦਾ ਨਜ਼ਰ ਆਉਂਦਾ ਹੈ। ਸਾਹਿਤਕਾਰ ਸਮਾਜ ਵਿਚ ਵਿਚਰਦੇ ਆਮ ਲੋਕਾਂ ਨੂੰ ਜਿੱਥੇ ਯਥਾਰਥ ਨਾਲ ਜੋੜਦਾ ਹੈ। ਉੱਥੇ ਹੀ ਆਧੁਨਿਕ ਤਕਨਾਲੋਜੀ ਦੇ ਸੰਦਰਭ ਵਿਚ ਸਮੇਂ-ਸਮੇਂ ਬਦਲੀਆਂ ਗਤੀਸ਼ੀਲ ਸਮਾਜਿਕ ਪ੍ਰਸਥਿਤੀਆਂ ਤੋਂ ਜਾਣੂ ਵੀ ਕਰਵਾਉਂਦਾ ਹੈ। ਵਿਸ਼ਵ ਭਰ ਦੇ ਸਾਹਿਤ ਨੂੰ ਜੇਕਰ ਵਾਚਿਆ ਜਾਵੇ ਤਾਂ ਕਵਿਤਾ ਸਾਹਿਤ ਦਾ ਪ੍ਰਥਮ ਰੂਪ ਹੈ। ਦੁਨੀਆਂ ਦੀ ਹਰ ਭਾਸ਼ਾ ਵਿਚ ਕਵਿਤਾ ਦਾ ਜਨਮ ਸਭ ਤੋਂ ਪਹਿਲਾਂ ਹੋਇਆ ਹੈ। ਕਵਿਤਾ ਮਨੁੱਖੀ ਹਿਰਦੇ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ। ਕਵਿਤਾ ਰਾਹੀਂ ਆਪ-ਮੁਹਾਰੇ ਦਿਲੀ ਭਾਵਾਂ ਦਾ ਪ੍ਰਗਟਾਅ ਹੁੰਦਾ ਹੈ।

ਸੁਰਜੀਤ ਪਾਤਰ ਆਧੁਨਿਕ ਪੰਜਾਬੀ ਕਵਿਤਾ ਦਾ ਸਭ ਤੋਂ ਵੱਧ ਧੀਮੇ ਬੋਲਾਂ, ਮਿੱਠੀ ਰਸਨਾ ਤੇ ਨਿਮਨ ਅੱਖਰਾਂ ਵਾਲਾ ਸ਼ਾਇਰ ਹੈ। ਉਸਦੀ ਸ਼ਾਇਰੀ ਜ਼ਾਹਰ-ਬਾਤਨ ਰੂਪ ਵਿਚ ਸੋਰ ਦੀ, ਅਬਦੀ ਤੇ ਸਕਾਫ਼ਤੀ ਕਾਵਿ ਗੁਣਾਂ ਦੀ ਧਾਰਨੀ ਹੋਣ ਕਰਕੇ ਪਾਤਰ ਨੂੰ ਸਮਕਾਲੀ ਕਵੀਆਂ ਨਾਲੋਂ ਵੱਖਰਤਾ ਪ੍ਰਦਾਨ ਕਰਦੀ ਹੈ। ਪਾਤਰ ਨੇ ਬਹੁਤ ਥੋੜ੍ਹੇ ਸਮੇਂ ਵਿਚ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਆਪਣਾ ਵਿਸ਼ੇਸ਼ ਸਥਾਨ ਪ੍ਰਾਪਤ ਕਰ ਲਿਆ ਸੀ। ਪਾਤਰ ਦਾ ਜਨਮ 1945 ਈ. ਪਿੰਡ ਪੱਤੜ ਕਲਾਂ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਪਾਤਰ ਰਹੱਸਵਾਦੀ ਅੰਦਾਜ ਵਿਚ ਸਮਾਜਿਕ ਯਥਾਰਥ ਨੂੰ ਪ੍ਰਗਟਾਉਣ ਦਾ ਹੁਨਰ ਰੱਖਦਾ ਹੈ। ਨਵੀਂ ਸੋਚ, ਨਵੇਂ ਅੰਦਾਜ਼, ਨਵੇਂ ਸੰਕਟ ਪਾਤਰ ਦੀ ਕਵਿਤਾ ਦੇ ਮੁੱਖ ਵਿਸ਼ੇ ਹਨ। ਪਾਤਰ ਦੀ ਕਲਾਤਮਕ ਸੂਝ-ਬੂਝ, ਦਲੇਰੀ, ਲੇਖਣੀ ਅਤੇ ਖ਼ੂਬਸੂਰਤ ਅੰਦਾਜ਼ ਦੀ ਪਛਾਣ ਕਰਦਿਆਂ ਡਾ. ਕਰਮਜੀਤ ਸਿੰਘ ਲਿਖਦੇ ਨੇ: - ਉਹਨਾਂ ਨੇ ਯਥਾਰਥ ਬਾਰੇ ਆਪਣੀ ਦ੍ਰਿਸ਼ਟੀ ਅਤੇ ਪਹੁੰਚ ਨੂੰ ਕਿਸੇ ਇੱਕ ਜਾਂ ਦੂਜੀ ਕਾਵਿ-ਧਾਰਾ ਦੇ ਰਚਨਾਤਮਿਕ ਜਾਂ ਵਿਚਾਰਧਾਰਾਈ ਸੰਜਮ ਦੀਆਂ ਬੰਦਿਸ਼ਾਂ ਤੋਂ ਬੜੀ ਦ੍ਰਿੜ੍ਹਤਾ ਨਾਲ ਸੁਤੰਤਰ ਰੱਖਿਆ ਹੈ।[1]

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਆਖਦੇ ਹਨ ਕਿ:- ਸੱਤ ਚੋਟੀਆਂ, ਜਿਨ੍ਹਾਂ ਨੂੰ ਸਪਤ-ਸ੍ਰਿੰਗ ਕਹੀਦੈ, ਮੈਨੂੰ ਉਹਨਾਂ ਸਪਤ-ਸ੍ਰਿੰਗਾਂ ਵਿਚ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਹਰਭਜਨ ਸਿੰਘ, ਸੁਰਜੀਤ ਪਾਤਰ ਤੇ ਪਾਸ਼... ਹੁਣ ਤੀਕ ਇਹ ਸਪਤ-ਸ੍ਰਿੰਗ ਨੇ...।[2]

ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਨਮਾਲਾ ਅਤੇ ਲਫ਼ਜ਼ਾਂ ਦੀ ਦਰਗਾਹ ਪਾਤਰ ਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਹਨੇਰੇ ਵਿਚ ਸੁਲਗਦੀ ਵਰਨਮਾਲਾ ਪਾਤਰ ਦੀ ਪ੍ਰਸਿੱਧ ਕਾਵਿ ਪੁਸਤਕ ਹੈ। ਜਿਸ ਨੂੰ 1993 ਵਿਚ ਭਾਰਤੀ ਸਾਹਿਤ ਅਕਾਦਮੀ ਸਨਮਾਨ ਪ੍ਰਾਪਤ ਹੋਇਆ ਹੈ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਹਰ ਵੱਖਰੇ ਵਿਸ਼ੇ ਦੀ ਗੱਲ ਕਰਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਮਨੁੱਖ ਦੀਆਂ ਅਧੂਰੀਆਂ ਰਹਿ ਚੁੱਕੀਆਂ ਖਵਾਹਿਸ਼ਾਂ ਦੀ ਪੂਰਤੀ, ਸਮਾਜਵਾਦ, ਪ੍ਰਵਾਸ ਜਾਣ ਤੋਂ ਪੈਦਾ ਹੋਇਆ ਦੁਖਾਂਤ, ਭੂ-ਹੇਰਵਾਂ, ਰਾਜਨੀਤਿਕ ਸਿਸਟਮ, ਵਰਤਮਾਨ ਦਾ ਪ੍ਰਸ਼ਾਸ਼ਨ ਪ੍ਰਬੰਧ, ਉਦਾਸੀ, ਨਿਰਾਸ਼ਾ, ਅੰਤਰ-ਸੰਵਾਦ, ਆਤਮ-ਉਪਦੇਸ਼, ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ, ਪੰਜਾਬ-ਪੰਜਾਬੀਅਤ, ਅਗਿਆਨਤਾ ਦਾ ਹਨੇਰਾ ਆਦਿ ਪੱਖਾਂ ਨੂੰ ਆਧਾਰ ਬਣਾਇਆ ਗਿਆ ਹੈ। ਹਨੇਰੇ ਵਿਚ ਸੁਲਗਦੀ ਵਰਨਮਾਲਾ ਵਿਚ 'ਬੁੱਢੀ ਜਾਦੂਗਰਨੀ' ਅਜਿਹੇ ਨੌਜਵਾਨ ਦੀ ਮੂੰਹ ਬੋਲਦੀ ਤਸਵੀਰ ਹੈ, ਜੋ ਚਿੰਤਾਹੀਣ ਤਾਂ ਹੈ ਪਰ ਚਿੰਤਨਹੀਣ ਨਹੀਂ, ਮੰਤਰ ਮੁਗਧ ਪ੍ਰਵਚਨ ਉਸਨੂੰ ਜਵਾਨੀ ਦੀ ਬਹਿਬਲਤਾ, ਪਰਿਵਾਰਕ ਲਗਾਵ ਅਤੇ ਭਾਈਚਾਰਕ ਸਾਂਝ ਤਿਆਗ ਕੇ ਰੁਟੀਨ ਦਾ ਗੁਲਾਮ ਬਣ ਜਾਣ ਲਈ ਸਹਿਮਤ ਕਰਦਾ ਹੈ।

ਤੂੰ ਐਵੇਂ ਮਾਣ ਨਾ ਕਰ
ਤੂੰ ਐਵੇਂ ਕਾਹਲਾ ਨਾ ਪੈ
ਤੇਰੀ ਹਿੱਕ ਦੀ ਕਿਸਮ ਵੀ ਬੁੱਝ ਲਵਾਂਗੇ
ਤੇ ਤੇਰੇ ਹਾਣ ਦੀ ਤੈਨੂੰ ਵੀ ਹੋਣੀ ਵਰ ਦਿਆਂਗੇ
ਜੀਣ ਜੋਗਾ ਤਾਂ ਹੋ
ਨੀ ਤੇਰੀ ਵੀ ਹੱਤਿਆ ਕਰ ਦਿਆਂਗੇ।[3]

'ਹੁਣ ਘਰਾਂ ਨੂੰ ਪਰਤਣਾ' ਉਸ ਨੌਜਵਾਨ ਦੀ ਦਸਤਾਨ ਹੈ, ਜੋ ਸਮਾਜ ਵਿਚ ਇਨਕਲਾਬ ਦੀ ਭਾਵਨਾ ਪੈਦਾ ਕਰਨ ਲਈ ਨਿਕਲ ਗਿਆ ਸੀ ਇਸ ਵਿਚ ਸੂਰਤ ਪੱਖ ਤੋਂ ਹੀ ਨਹੀਂ ਸਗੋਂ ਸੀਰਤ ਪੱਖੋਂ ਵੀ ਬਹੁਤ ਤਬਦੀਲੀਆਂ ਆ ਜਾਂਦੀਆਂ ਨੇ ਕਿਉਂਕਿ ਉਸ ਦੀ ਪਰਿਵਾਰ ਨੂੰ ਅਤੇ ਭਾਈਚਾਰਿਕ ਪਹਿਚਾਣ ਤੋਂ ਬੇਗਾਨੀ ਤਬੀਅਤ ਅਤੇ ਤਰਬੀਅਤ ਦੀ ਨਿਸ਼ਾਨਦੇਹੀ ਹੋਣ ਲੱਗ ਪੈਂਦੀ ਹੈ, 'ਮੇਰੀ ਧੁੱਪ' ਵਿਚ ਵਕਤਾ ਵਿਦਰੋਹ ਤਿਆਗ ਕਿ ਸਥਾਪਤੀ ਦੀ ਛਤਰ-ਛਾਇਆ ਹੇਠ ਆ ਜਾਂਦਾ ਹੈ।

ਮੈਂ ਕੁਰਸੀ ਵਿਚ ਚਿਣ ਹੋਇਆ ਹਾਂ
ਕੁਰਸੀ ਵਿਚ ਚਿਣਿਆ ਪੁੱਤਰਾਂ ਨੂੰ ਸਾਹਿਬਜ਼ਾਦੇ ਕੌਣ ਕਹੇਗਾ?[4]

'ਕੰਧ ਦੀ ਜੀਭ' ਵਿਚ ਉਸਦਾ ਆਪਾ ਅਵਚੇਤਨ ਅਤੇ ਅੰਤਹਕਰਣ ਵਿਚ ਖੰਡਿਤ ਹੋ ਜਾਂਦਾ ਹੈ। ਦੋਵਾਂ ਵਿਚਲਾ ਆਦਾਨ-ਪ੍ਰਦਾਨ ਖਤਮ ਹੋਣ ਤੇ ਇਵੇਂ ਲੱਗਦਾ ਹੈ ਜਿਵੇਂ ਦੋ ਵਿਰੋਧੀਆਂ ਵਜੋਂ ਟੱਕਰ ਦੇ ਭਾਗੀ ਨਹੀਂ ਬਣਦੇ ਸਗੋਂ ਅਜਿਹੇ ਦੋ ਪ੍ਰਦੇਸੀ ਹਨ ਜਿਨ੍ਹਾਂ ਵਿਚਕਾਰ ਪਰਸਪਰ ਸਪਰਸ਼ ਬੜੀ ਦੂਰ ਦੀ ਗੱਲ ਹੈ ਅਤੇ ਉਹਨਾਂ ਵਿਚਕਾਰ ਕੋਈ ਪਹਿਚਾਣ ਨਹੀਂ ਬਣਦੀ।

'ਖ਼ਤਾਂ ਦੀ ਉਡੀਕ' ਵਿੱਚ ਪ੍ਰਵਾਸ ਜਾਣ ਤੋਂ ਬਾਅਦ ਅਵਾਸ ਦੇ ਮੋਹ ਤੋਂ ਪੈਦਾ ਹੋਏ ਦੁਖਾਂਤ, ਨਿਰਾਸ਼ਾ ਅਤੇ ਅੰਤਰ-ਸੰਵਾਦ ਨੂੰ ਦਰਸਾਇਆ ਗਿਆ ਹੈ।

ਇਕ ਖ਼ਤ ਆਵੇ ਜਿਸ ਵਿਚ ਹੋਵੇ
ਤੇਰੇ ਨਾ ਇਤਿਹਾਸ ਦਾ ਬੋਲ
ਤੇਰੀ ਰਚਨਾ ਦੀ ਵਡਿਆਈ
ਤੇਰੇ ਮਹਾਂ ਵਿਕਾਸ ਦਾ ਬੋਲ।[5]

'ਘਰਰ-ਘਰਰ' ਵਿੱਚ ਦਰਸਾਇਆ ਹੈ ਕਿ ਬੰਦੇ ਦਾ ਜੀਵਨ ਸਿੱਧਾ, ਸਾਧਾ, ਸਪੱਸ਼ਟ ਨਹੀਂ ਉਸ ਅੰਦਰ ਕਈ ਯੁੱਗ ਚਿੰਤਨ, ਕਈ ਦਰਸ਼ਨ ਰੀਂਘਦੇ ਹਨ, ਜਰੂਰੀ ਨਹੀਂ ਕਿ ਪ੍ਰੰਪਰਾ ਉਸ ਅੰਦਰ ਪ੍ਰਜਵਿਲਤ ਹੋ ਕੇ ਕੋਈ ਚਮਤਕਾਰ ਹੋ ਜਾਏ। ਬੰਦਾ ਆਪਣੇ ਇਤਿਹਾਸ, ਮਿਥਿਹਾਸ, ਨਾਲ ਜੂਝਦਾ ਵਰਤਮਾਨ ਦੇ ਹੱਥ ਦੀ ਕੱਠਪੁਤਲੀ ਦੀ ਤਰ੍ਹਾਂ ਹੈ, ਉਸ ਦੀ ਯਾਤਰਾ ਆਪਣੇ ਸ਼ਾਹਾ ਤੇ ਸਮੱਸਿਆਵਾਂ ਤੱਕ ਸਿਮਟ ਕੇ ਰਹਿ ਜਾਂਦੀ ਹੈ।

ਉਤਰ ਵਜੋਂ ਮੇਰੇ ਅੰਦਰ
ਅਨੇਕਾਂ ਤਸਵੀਰਾਂ ਉਲਝ ਗਈਆਂ
ਮੈਂ ਕਈ ਫ਼ਲਸਫ਼ਿਆਂ ਦਾ ਕੋਲਾਜ ਜਿਹਾ ਬਣ ਗਿਆ
ਤੇ ਅਜਕਲ ਕਹਿੰਦਾ ਫਿਰਦਾ ਹਾਂ।[6]

'ਦੋ ਰੁੱਖਾਂ ਦੀ ਗੁਫਤਗੂ' ਜੀਵਨ ਦੀ ਨਿਰਾਥਕ ਹੋਂਦ ਬਾਰੇ ਚੇਤੰਨ ਕਰਦੀ ਕਵਿਤਾ ਹੈ, ਜੋ ਜੀਵਨ ਨੂੰ ਬਦਲਾਵ ਤੇ ਮਸ਼ਕਤ ਨਜ਼ਰੀਆ ਦੇਣ ਦੀ ਗੁੱਝੀ ਚਿਣਗ ਸਾਂਭੀ ਬੈਠੀ ਹੈ, ਇਹ ਕਟਾਕਸ਼ ਕਰਦੀ ਹੋਈ ਨਵੇਂ ਨਕਸ਼ ਉਭਾਰਨ ਦੀ ਚੇਤਾਵਨੀ ਹੈ। 'ਪੇਸ਼ੀਨੋਗਈ' ਕਵਿਤਾ ਸੰਕੇਤ ਹੈ ਕਿ ਤਿਉਹਾਰ ਉਹ ਹੀ ਸਾਰਥਕ ਹੈ ਜੋ ਕਿ ਸਰਬਸਾਂਝੀਵਾਲਤਾ ਤੇ ਭਾਈਚਾਰਕ

ਸਾਂਝ ਨਾਲ ਮਨਾਇਆ ਜਾਵੇ, ਜਿਸ ਸਮਾਜ ਵਿਚ ਵੰਡੀਆਂ, ਦਵੈਤ ਤੇ ਦਵੇਸ਼ ਹੈ ਉੱਥੇ ਤਿਉਹਾਰ ਖੁਸ਼ੀ ਦਾ ਸਬੱਬ ਨਹੀਂ, ਇਹ ਖੁਸ਼ੀ ਦਾ ਸਬੱਬ ਉਦੋਂ ਹੀ ਹੋ ਸਕਦੇ ਜਦੋਂ ਹਰ ਵਰਗ, ਹਰ ਜਾਤ, ਹਰ ਨਸਲ ਦਾ ਸਤਿਕਾਰ ਤੇ ਆਪਸ ਵਿਚ ਮੇਲ ਵਰਤਾਉ ਹੋਏ।

'ਖੌਫ਼ ਤੇ ਖੁਦਾ' ਕਵਿਤਾ ਵਿਚ ਵਕਤਾ ਆਪਣੇ ਬੇਸੁੱਧ ਪੁੱਤਰ ਵੱਲ ਦੇਖਦਾ ਰਹਿੰਦਾ ਹੈ। ਉਸ ਪਲ ਉਸ ਦਾ ਮਨ ਅਨੇਕਾਂ ਉਜਾੜਾਂ, ਤੀਰਥ ਅਸਥਾਨਾਂ, ਬੀਆਬਾਣਾ ਅਤੇ ਖਲਾਆਣਾ ਵਿਚ ਭਟਕਦਾ ਹੈ। ਉਹ ਆਪਣੀ ਪਦਾਰਥਵਾਦੀ ਵਿਚਾਰਧਾਰਾ ਵਿਚ ਤਰੇੜਾਂ ਅਤੇ ਟੁੱਟ-ਭੱਜ ਅਨੁਭਵ ਕਰਦਾ ਹੈ।

ਖੁਦਾ! ਹੁਣ ਲੋਪ ਹੋ, ਛੁਪ ਜਾ ਉਸ ਦੇ ਡੇਰੇ ਵਿਚ
ਜਾਂ ਅੱਖੀ ਥਾਣੀ ਉੱਤਰ ਜਾ ਅਚੇਤ ਮੇਰੇ ਵਿੱਚ
ਤੇ ਫਿਰ ਮਿਲਾਂਗੇ ਕਦੀ
ਖੌਫ਼ ਦੇ ਹਨੇਰੇ ਵਿੱਚ।[7]

'ਸਾਜ', 'ਨਵੇਂ ਦੇਵਤੇ' ਕਵਿਤਾਵਾਂ ਵਿਚ ਅਪਰੋਖ ਹੀ ਦਰਜ਼ ਹੈ ਸਾਜ ਕਵਿਤਾ ਵਿਚ ਕਵੀ ਨੇ ਹੋਰ ਹੀ ਸਾਜ ਵਜਾਇਆ ਹੈ। 'ਨਵੇਂ ਦੇਵਤੇ' ਕਵਿਤਾ ਵਿਚ ਕਵੀ ਬੜੀ ਸ਼ਿੱਦਤ ਨਾਲ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਦੀ ਕਾਵਿ-ਰਚਨਾ ਦਾ ਪੁਰਾਤਨ ਦੇਵਤਿਆਂ ਨਾਲ ਬਿਲਕੁਲ ਹੀ ਕੋਈ ਸਰੋਕਾਰ ਨਹੀਂ।

ਸਾਡੇ ਆਪਣੇ ਅਲੱਗ ਤੇ ਨਵੇਂ ਦੁੱਖ ਨੇ,
ਸਾਡੇ ਆਪਣੇ ਨਵੇਂ ਦੇਵਤੇ।[8]

'ਨਿਥਾਣਾਂ', 'ਪ੍ਰਦੇਸ', 'ਇਤਿਹਾਸ', 'ਪਰਤ ਕੇ', 'ਉਦਾਸੀ', 'ਪੱਤਰ', 'ਮੈਂ ਛੂਹਣ ਲੱਗਾ ਤੈਨੂੰ', 'ਆਤਮ-ਉਦੇਸ਼', 'ਸਾਈ ਜੀ', 'ਖੂਹ ਗਿੜਦਾ ਦਿਨ ਰਾਤ ਮੀਆਂ', 'ਬੁੱਧ ਪੂਰਣਿਮਾ ਵਿਦਾ ਕਥਾ' ਅਤੇ 'ਹਜ਼ਾਰਾਂ ਪਰਿੰਦੇ' ਆਦਿ ਦੀ ਪਰਿਭਾਸ਼ਾ ਸੁਭਾਵਿਕ ਹੀ ਸਾਂਈ ਦੀ ਆਂਤਰਿਕ ਵਾਰਤਾਲਾਪ ਨਾਲ ਜੁੜਦੀ ਹੈ, ਸਾਂਈ ਜੀ, ਖੂਹ ਗਿੜਦਾ ਦਿਨ ਰਾਤ ਮੀਆਂ ਅਤੇ ਬੁੱਧ ਪੂਰਣਿਮਾ-ਵਿਦਾ ਕਥਾ ਅਤੇ ਕਵਿਤਾਵਾਂ ਪੁਰਾਤਨ ਯੁਗ ਤੋਂ ਚੱਲੀ ਆਂ ਰਹੀ ਚਿੰਤਨਧਾਰਾ ਅੱਗੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦੀਆਂ ਹਨ? ਖੂਹ ਗਿੜਦਾ ਦਿਨ ਰਾਤ ਮੀਆਂ ਵਿਚ ਉਸ ਗਤੀ ਨੂੰ ਦਰਸਾਇਆ ਗਿਆ ਹੈ ਜੋ ਕੁੱਲ ਕਾਇਨਾਤ ਵਿਚ ਨਿਹਿਤ ਹੈ। ਕਾਇਨਾਤ ਵਿਚ ਨਿਹਿਤ ਇਹ ਗਤੀ ਮਨੁੱਖੀ ਇਤਿਹਾਸ, ਰਾਜਨੀਤੀ ਜੀਵਨ ਅਤੇ ਸਮਾਜ ਲਈ ਅੰਤਿਮ ਪ੍ਰਣਾਮ ਨਿਕਲਦਾ ਹੈ।

ਉੱਚਿਆਂ ਤਖ਼ਤਾਂ ਤੋਂ ਤੁਰਦੀ ਹੈ
ਇੱਕ ਟਿਕੇ ਰਹਿਣ ਦੀ ਹਵਸ ਜਿਹੀ
ਇਹ ਟਿਕੇ ਰਹਿਣ ਦੀ ਕੋਸਿਸ ਹੀ
ਰੱਬ ਤੋਂ ਲੈਕੇ ਸ਼ੈਤਾਨ ਤੀਕ
ਚੁੱਲਿਆਂ ਤੋਂ ਲੈ ਕੇ ਸ਼ਮਸਾਨ ਤੀਕ।[9]

ਮਨੋਵਿਗਿਆਨਿਕ ਪ੍ਰਵਿਰਤੀ ਨੂੰ ਆਧਾਰ ਬਣਾ ਕਿ ਕਵੀ 'ਮੈਂ ਛੂਹਣ ਲੱਗਾ ਤੈਨੂੰ' ਤੇ ਅੰਤਰ-ਸੰਵਾਦ ਕਵਿਤਾਵਾਂ ਦੀ ਸਿਰਜਣਾ ਕਰਦਾ ਹੈ। ਮਨੋਵਿਸ਼ਲੇਸ਼ਣਵਾਦ ਮਨੋਵਿਗਿਆਨ ਦੀ ਇੱਕ ਅਜਿਹੀ ਸ਼ਾਖਾ ਹੈ ਜਿਸ ਵਿਚ ਅੰਤਰ ਦਰਸ਼ਨ ਦੁਆਰਾ ਮਾਨਸਿਕ ਪ੍ਰਕਿਰਿਆ ਨੂੰ ਜਾਣ ਕਿ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਡਾ. ਗੁਰਦੇਵ ਸਿੰਘ ਅਨੁਸਾਰ: -ਮਨੋਵਿਸ਼ਲੇਸ਼ਣ ਮਾਨਸਿਕ ਚਿਕਿਸਤਾ ਦੀ ਉਹ ਵਿਧੀ ਹੈ ਜਿਸ ਦੁਆਰਾ ਮਨੁੱਖ ਜਾਂ ਮਾਨਸਿਕ ਰੋਗੀ ਨੂੰ ਅਚੇਤ ਮਨ ਦੀਆਂ ਅਭਿਵਿਅੰਜਨਾ ਲਈ ਯੋਗ ਖੁੱਲ ਕੇ ਸੁਖਾਵਾਂ ਵਾਤਾਵਰਣ ਦਿੰਦੇ ਹਨ। ਇਸ ਅਭਿਵਿਅੰਜਨਾ ਤੋਂ ਅਨੇਕ ਸਿੱਟੇ ਕੱਢੇ ਜਾਂਦੇ ਹਨ।[10]

ਮੈਂ ਛੂਹਣ ਲੱਗਾ ਤੈਨੂੰ, ਅੰਤਰ-ਸੰਵਾਦ ਦਾ ਜਿਸਮਾਂ ਦੇ ਜੰਗਲ ਵੱਲ ਸਫ਼ਰ ਹੈ ਜਿਸ ਦੇ ਨਰ ਸੰਬੋਧਿਤ ਅਤੇ ਨਾਰ ਸੰਬੋਧਕ ਲਈ ਵੱਖੋ-ਵੱਖਰੇ ਪਰਿਣਾਮ ਬਣਦੇ ਹਨ। ਮੈਂ ਛੂਹਣ ਲੱਗਾ ਤੈਨੂੰ ਅੰਧੇਰਿਆਂ ਦੀ ਤੜਫ, ਸੰਖਾਂ ਦੀ ਵਿਲਕਣੀ, ਦਿਲਾਂ ਵਿਚ ਸੁਲਗਦੇ ਦੇ ਰੋਸ ਆਦਿ ਪੱਖ ਹਨ।

ਇੱਕ ਨਾਰ ਖੁੱਲ੍ਹੇ ਕੇਸੀਂ
ਕੂਕੀ ਤੇ ਦੌੜ ਉੱਠੀ।[11]

'ਕਾਲੀ ਕਥਾ' ਵਿਚ ਮਿੱਥ ਨੂੰ ਆਧਾਰ ਬਣਾ ਕਿ ਵਾਸਤਵਿਕ ਵਿਵਸਥਾ ਦਾ ਜਿਕਰ ਕੀਤਾ ਹੈ ਅੰਤਰ-ਸੰਵਾਦ ਨੂੰ ਆਧਾਰ ਬਣਾ ਕਿ ਇਸ ਕਵਿਤਾ ਵਿਚ ਇੱਕ ਸੰਵੇਦਨਸ਼ੀਲ ਆਪਣੀ ਜਾਣੂ ਔਰਤ ਨਾਲ ਉਸ ਦੇ ਪ੍ਰੇਮੀ ਵੱਲੋਂ ਕੀਤੇ ਦੁਰ-ਵਿਵਹਾਰ ਕਾਰਨ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋ ਜਾਂਦਾ ਹੈ ਉਹ ਉਸ ਔਰਤ ਦੇ ਹੱਕ ਵਿਚ ਖੜ੍ਹਦਾ ਹੋਇਆ ਉਸ ਮਰਦ ਨਾਲ ਸੰਵਾਦ ਰਚਾਉਂਦਾ ਹੈ। ਕਵੀ ਆਖਦਾ ਹੈ :

ਮੈਂ ਉਸ ਨਾਲ ਬਹਿਸ ਕੀਤੀ
ਉਹ ਕੋਲ ਪੈਲੀ ਨਹੀਂ

ਉਸ ਦੀ ਵੀ ਕੋਈ ਮਰਜ਼ੀ ਏ
ਤੂੰ ਉਸ ਦੀ ਕੀ ਹਾਲਤ ਬਣਾ ਦਿੱਤੀ
ਉਹ ਤਾਂ ਪਾਗਲ ਹੋ ਜਾਏਗੀ
ਉਹ ਤਾਂ ਮਰ ਜਾਏਗੀ।[12]

'ਇਹ ਤੇ ਅੱਜ ਕੱਲ' ਕਵਿਤਾ ਦਾ ਪਾਤਰ ਗੈਰ-ਕੁਦਰਤੀ ਮਰਦਾਂ ਅਜਿਹੇ ਨਿਰੋਲ ਹੱਡ-ਮਾਸ ਦਾ ਪਤਲਾ ਹੈ ਜਿੱਥੇ ਖ਼ੂਨ ਦੀ ਹੋਣੀ ਵਰਤਮਾਨ ਹੈ, ਦਰਿਆਵਾਂ ਨੇ ਆਪਣੀ ਹੋਂਦ ਗੁਆ ਲਈ ਹੈ ਉਹਨਾਂ ਦੇ ਇਤਿਹਾਸਕ ਨਾ ਬਦਲਗੇ ਹਨ, ਵਜੰਤਰੀ ਕਵਿਤਾ ਵਿਚ ਕਵੀ ਅੰਤਰ-ਸੰਵਾਦ ਦੀ ਕਲਪਨਾ ਤੋਂ ਪੈਦਾ ਹੋਏ ਦੁਖਾਂਤ ਤੇ ਨਿਰਾਸ਼ ਦਾ ਜਿਕਰ ਕਰਦਾ ਹੈ, ਹੁਣ ਉਹ ਸਾਜ ਉਸਦੇ ਸੁਪਨਿਆਂ ਵਿਚ ਆ ਕਿ ਡਰਾਉਂਦੇ ਹਨ। ਪੁਲ ਕਵਿਤਾ ਦਾ ਵਿਸ਼ਾ ਵੀ ਨਿਰਾਸ਼ ਹੈ ਕਿ ਜਦੋਂ ਅਸੀਂ ਕਿਸੇ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਹੀ ਇਨਸਾਨ ਦੂਸਰਿਆਂ ਦੇ ਸਾਹਮਣੇ ਤੁਹਾਨੂੰ ਨੀਵਾਂ ਦਖਾਉਂਦਾ ਹੈ ਤਾਂ ਉਸ ਸਮੇਂ ਮਨੁੱਖ ਦਾ ਮਾਨਸਿਕ ਦਰਦ ਸਿਖਰ ਤੇ ਪਹੁੰਚ ਜਾਂਦਾ ਹੈ। ਨਾਮ ਕਵਿਤਾ ਵਿਚ ਕਵੀ ਨੇ ਮਨੁੱਖ ਦੀ ਹੋਂਦ ਵਿਚ ਆਉਂਦੀਆਂ ਤਬਦੀਲੀਆਂ ਦੀ ਗੱਲ ਕੀਤੀ ਹੈ। ਕਿਸ ਤਰ੍ਹਾਂ ਅਸੀਂ ਆਧੁਨਿਕ ਯੁੱਗ ਕਾਰਣ ਸਾਡੀ ਹੋਂਦ ਵਿਚ ਜੋ ਤਬਦੀਲੀ ਆ ਰਹੀ ਹੈ। ਉਸਨੂੰ ਪਛਾਣ ਨਹੀਂ ਰਹੇ। ਉਹ ਆਪਣੇ ਅੰਤਰਮਨ ਨੂੰ ਪੁੱਛਦਾ ਹੈ ਕਿ ਹੋਂਦ ਦਾ ਕੀ ਨਾ ਰੱਖਾ।

'ਲਫ਼ਜ਼ਾਂ ਦਾ ਪੁੱਲ' ਕਵਿਤਾ ਵਿਚ ਕਵੀ ਉਹਨਾਂ ਲੋਕਾਂ ਦੇ ਮਾਨਸਿਕ ਹਾਲਾਤ ਦੀ ਗੱਲ ਕਰਦਾ ਹੈ, ਜੋ ਦੂਜਿਆਂ ਲਈ ਪੁਲ ਬਣ ਗਏ ਤੇ ਆਪ ਉਸੇ ਜਗ੍ਹਾ ਤੇ ਹੀ ਖੜ੍ਹੇ ਰਹਿਗੇ।

'ਉਨ੍ਹਾਂ ਦਾ ਵਿਰਲਾਪ' ਇਸ ਕਵਿਤਾ ਵਿਚ ਕਵੀ ਆਪਣੇ ਅੰਤਰ-ਭਾਵ ਪ੍ਰਗਟ ਕਰਦਾ ਬੀਤੇ ਸਮੇਂ ਨੂੰ ਯਾਦ ਕਰਕੇ ਵਿਰਲਾਪ ਕਰ ਰਿਹਾ ਹੈ ਤੇ ਚਾਹੁੰਦਾ ਹੈ ਕਿ ਬੀਤਿਆਂ ਸਮਾਂ ਮੁੜ ਆ ਜਾਵੇ ਤੇ ਉਹ ਆਪਣੀਆਂ ਭਾਵਨਾਵਾਂ ਨੂੰ ਰਿਹਾਅ ਕਰ ਦੇਵੇ।

ਇੱਕ ਵਾਰ ਫੇਰ ਆਉ ਤੁਸੀਂ
ਉਹ ਆਖਦੇ ਨੇ
ਤਰਸ ਗਏ ਹਾਂ ਅਸੀਂ।[13]

'ਕਿਸ ਕਿਸ ਦਿਸ਼ਾ ਤੋਂ' ਇਸ ਕਵਿਤਾ ਵਿਚ ਕਵੀ ਆਪਣੇ ਮਨ ਵਿਚ ਹਰ ਦਿਸ਼ਾ ਤੋਂ ਉਠ ਰਹੇ ਵਲਵਲਿਆਂ ਨੂੰ ਪ੍ਰਗਟਾਉਂਦਾ ਹੈ ਕਿ ਜਿੰਨ੍ਹਾਂ ਨੂੰ ਸਿਰਫ਼ ਉਸਦੀਆਂ ਨਜ਼ਮਾਂ ਸ਼ਾਂਤ ਕਰਦੀਆਂ ਹਨ।

'ਹਜ਼ਾਰਾਂ ਪਰਿੰਦੇ' ਬਿਰਖ ਦੇ ਜਰੀਏ ਕਵੀ ਮਨੁੱਖ ਦੇ ਜੀਵਨ ਕਾਲ ਦੀ ਵਿਆਖਿਆ ਕਰਦਾ ਹੋਇਆ ਉਮਰ ਦੇ ਅਖੀਰਲੇ ਪਹਿਰ ਵਿਚ ਉਸਦੀ ਹੱਡ-ਬੀਤ ਵਿਚਾਰ ਅਤੇ ਤਾਕਤ ਜੋ ਹੁਣ ਜਿੰਦਰੇ ਵਿਚ ਬੰਦ ਹੈ ਨੂੰ ਬਿਆਨ ਕਰਦਾ ਹੈ ਤੇ ਉਸ ਪਿੰਜਰੇ ਤੋਂ ਰਿਹਾਈ ਲੈ ਕੇ ਫਿਰ ਬਿਰਖ ਬਣਨ ਲਈ ਪ੍ਰੇਰਦਾ ਹੈ।

ਖੁਸ਼ੀ ਤੇ ਉਦਾਸੀ ਵਿਚ
ਹੋ ਜਾ ਸ਼ੁਦਾਈ
ਰਿਹਾਈ
ਰਿਹਾਈ!![14]

'ਪਰਦੇਸ' ਕਵਿਤਾ ਵਿਚ ਕਵੀ ਉਸ ਸਮੇਂ ਦਾ ਜਿਕਰ ਕਰਦਾ ਹੈ ਜਦੋਂ ਪੰਜਾਬੀ, ਪੰਜਾਬੀ ਬੋਲੀ ਤੇ ਪੰਜਾਬੀਅਤ ਕੇਵਲ ਪੰਜਾਬ ਤੱਕ ਸੀਮਤ ਸੀ ਜਦੋਂ ਕਦੇ ਉਹ ਬਾਹਰ ਪ੍ਰਦੇਸ ਜਾਂਦਾ ਤਾਂ ਓਪਰਾਪਣ ਮਹਿਸੂਸ ਕਰਦਾ। 'ਹੇ ਪਿਤਰੋ ਪੁਰਖਿਓ' ਵਿਚ ਬਜ਼ੁਰਗ ਆਪਣੀ ਨਵੀਂ ਪੀੜੀ ਨੂੰ ਸਖਤੀ ਦੀ ਸਖ਼ਤ ਪਰੀਖਿਆ ਪਾਸ ਕਰਦੇ ਸੋਨਾ ਬਣਨ ਲਈ ਨਸੀਹਤ ਦੇ ਰਹੇ ਨੇ ਨਵੀਂ ਪੀੜ੍ਹੀ ਕੁਝ ਸ਼ਿਕਾਇਤਾਂ ਕਰ ਰਹੀ ਹੈ ਜਿਸ ਤੇ ਹੰਢੇ ਹੋਏ ਬਜ਼ੁਰਗ ਦੱਸਦੇ ਹਨ ਕਿ ਅਸੀਂ ਮੁੱਦਤਾਂ ਤੋਂ ਖਤਮ ਹੋ ਗਏ ਸਾਂ ਤੇ ਸਾਡੀ ਯਾਦ ਤੁਹਾਡੇ ਵਿੱਚੋਂ ਗੂੰਜ ਦੀ ਹੈ। "ਮੈਂ ਜਨਮ ਜਨਮ ਤੋਂ" ਇਸ ਕਵਿਤਾ ਵਿਚ ਕਵੀ ਦੇਸ ਪੰਜਾਬ ਦੀ ਗੱਲ ਕਰਦਾ ਹੈ ਜੋ ਲੰਬੇ ਸਮੇਂ ਤੋਂ ਮੁਸ਼ਕਿਲਾਂ ਨਾਲ ਘਿਰਿਆ ਰਿਹਾ ਹੈ ਤੇ ਆਖਿਰਕਾਰ ਹਰ ਮੁਸ਼ਕਿਲ ਪਾਰ ਕਰ ਸੁਖਾਲਾ ਹੋਣ ਲੱਗੇ ਸੀ ਤੇ ਇਸ ਦੀ ਵੰਡ ਨੇ ਮੁੜ ਤੋਂ ਇਸਨੂੰ ਤਪਣ ਲੱਗਾ ਦਿੱਤਾ। 'ਮੈਂ ਰਾਤ ਦਾ ਆਖਰੀ ਜ਼ਜ਼ੀਰਾ' ਵਿੱਚ ਵਰਤਮਾਨ ਮਨੁੱਖ ਦੀ ਸਥਿਤੀ ਸਮੁੰਦਰ ਦੇ ਵਿਚਕਾਰ ਘਿਰੇ ਹੋਏ ਟਾਪੂ ਵਾਂਗ ਹੈ ਜੋ ਕੇਵਲ ਅੱਜ ਜੀ ਕਾਇਮ ਹੈ ਕੱਲ ਨੂੰ ਉੱਥੇ ਨਹੀਂ ਰਹੇਗਾ ਉਹ ਆਪਣੇ ਵਿਚਾਰਾ ਵਿਚ ਘਿਰਿਆ ਹੋਇਆ ਹੈ ਤੇ ਉਸਦੇ ਪਿੱਤਰ ਉਸਨੂੰ ਲੈਣ ਆਏ ਹਨ ਤੇ ਉਸਦੀ ਛਾਤੀ ਤੇ ਨਹੁੰ ਖੋਭ ਰਹੇ ਹਨ ਤੇ ਉਸਨੂੰ ਇਸ ਸਮੇਂ ਅਹਿਸਾਸ ਹੋ ਰਿਹਾ ਹੈ ਕਿ ਮਰ ਚੁੱਕਿਆਂ ਨੂੰ ਵੀ ਜਿਉਂਦੇ ਰਹਿਣ ਦੀ ਤਲਖ ਹੈ।

"ਜ਼ਰਾ ਦੇਖ ਤਾਂ ਸਹੀ,
ਮਰ ਗਿਆਂ ਨੂੰ ਜਿਉਂਦੇ ਰਹਿਣ ਦੀ ਕਿੰਨੀ ਲਾਲਸਾ ਹੈ।[15]

ਹੁਣ ਇਹਨਾਂ ਦਰਿਆਵਾਂ ਤਾਈ, ਕਵੀ ਆਖਦਾ ਹੈ ਉਸ ਕੋਲ ਕਹਿਣ ਲਈ ਕੁਝ ਨਹੀਂ ਸਾਡੇ ਰਹਿਬਰ ਪਹਿਲਾ ਹੀ ਆਪਣੇ ਰਾਗ ਵਿਚ ਚੰਦ-ਸੂਰਜ ਨੂੰ ਦੀਵੇ ਅਤੇ ਗਗਨ ਨੂੰ ਥਾਲ ਕਹਿ

ਕੇ ਸ੍ਰਿਸਟੀ ਨੂੰ ਇੱਕ ਸੁਰ ਵਿਚ ਭੂਤ-ਭਵਿੱਖ ਤੇ ਵਰਤਮਾਨ ਦੀਆਂ ਆਵਾਜ਼ਾਂ ਨੂੰ ਸੰਗੀਤ ਕਹਿ ਗਏ। ਅਲੌਕਿਕ ਚਾਨਣ ਹੋ ਗਿਆ ਹੈ ਅਤੇ ਅੰਧਕਾਰ ਡਰ ਗਿਆ ਹੈ। ਸ਼ਾਹੀ ਤਲਵਾਰਾਂ ਉਠ ਗਈਆਂ ਨੇ ਜੋ ਕਿ ਇਤਿਹਾਸ ਰਚਣ ਜਾ ਰਹੀਆਂ ਨੇ ਪਵਿੱਤਰ ਪੰਨੇ ਤੇ ਇਤਿਹਾਸ ਉੱਲਝ ਗਏ ਨੇ, ਹਰ ਪਾਸੇ ਵਿਰਲਾਪ ਤੇ ਭੁੱਖਮਰੀ ਹੈ।

ਪਹਿਲੀ ਗੱਲ ਏ ਧਰਤੀ
ਦੂਜੀ ਗੱਲ ਸਿਆੜ
ਗੱਲਾਂ ਵਿਚਲੀ ਗੱਲ ਏ ਹੱਕ ਹਲਾਲ
ਤੇ ਤਲਵਾਰ?[16]

'ਇਸ ਅਦਾਲਤ ਵਿਚ' ਕਵੀ ਆਪਣੇ ਮਨ ਅੰਦਰ ਫੈਲੇ ਉਦਾਸੀਆਂ ਦੇ ਹੇਨਰੇ ਨੂੰ ਬਿਆਨ ਕਰਦਾ ਦੱਸਦਾ ਹੈ ਕਿ ਮੈਂ ਆਪਣੇ ਮਨ ਦੇ ਹਨੇਰੇ ਦੀ ਗੁਫਾ ਵੱਲ ਜਾਂਦਾ ਹਾਂ ਤਾਂ ਖੌਫ਼ ਆਉਂਦਾ ਹੈ ਕਿਉਂਕਿ ਉੱਥੇ ਖੁਦਗਰਜ਼ੀ ਹੈ ਉਹ ਆਪਣੇ ਇਸ ਖੌਫ਼ ਨੂੰ ਖਤਮ ਕਰ ਉਸ ਹਨੇਰੇ ਲਈ ਆਪਣੇ ਹੰਕਾਰ ਨੂੰ ਖਤਮ ਕਰਕੇ ਗਿਆਨ ਦਾ ਪ੍ਰਕਾਸ਼ ਕਰਨਾ ਚਾਹੁੰਦਾ ਹੈ, ਉਹ ਇੰਨਾ ਪਤਲਾ ਹੋ ਵਗਣਾ ਚਾਹੁੰਦਾ ਹੈ ਕਿ ਸਿਰਫ ਉਸ ਦੀ ਰੇਤ ਦਿਸੇ ਉਹ ਲੁਕੇ ਹੋਏ ਕੈਦੀ ਹਨੇਰਿਆਂ ਵਾਸਤੇ ਦਰਵਾਜ਼ੇ ਖੋਲ੍ਹਣਾ ਚਾਹੁੰਦਾ ਹੈ। ਉਹ ਆਪਣੀ ਹੋਂਦ ਨੂੰ ਆਜ਼ਾਦ ਕਰਨਾ ਚਾਹੁੰਦਾ ਹੈ। 'ਮੌਤ', 'ਫ਼ਰਕ', 'ਮੁਜ਼ਰਮ', 'ਇੱਕ ਅਹਿਸਾਸ', 'ਇੱਕ ਨਦੀ ਸ਼ੀਸ਼ੇ ਦੀ' 'ਸਿਖਰ ਦੁਪਹਿਰ ਵਿਚ' ਅਤੇ 'ਪੁਲ' ਇਹਨਾਂ ਕਵਿਤਾਵਾਂ ਵਿਚ ਕਵੀ ਨੇ ਆਪਣੇ ਅੰਤਰ-ਮਨ ਨਾਲ ਵਿਰਲਾਪ ਕਰਦੇ ਹੋਏ ਆਪਣੇ ਇਕੱਲੇਪਣ, ਨਿਰਾਸ਼ਾ, ਆਪਣੇ ਵਿਚਾਰਾਂ ਦੀ ਦ੍ਰਿੜ੍ਹਤਾ, ਅਹਿਸਾਸ, ਅਤੇ ਸੁਭਾਅ ਵਿਚ ਰੁੱਖੇਪਣ ਦਾ ਕਾਰਨ ਦੱਸਦੇ ਹੋਏ, ਆਪਣੇ ਅੰਤਰੀਵ ਦਾ ਕਤਲ, ਸੇਧ ਦੇਣ ਵਾਲੇ ਵਿਚਾਰ, ਬੇਅਰਥ, ਬਾਹਰੀ ਖ਼ੂਬਸੂਰਤੀ ਵਿਚ ਅੰਦਰੂਨੀ ਸੁਹੱਪਣ ਬਾਰੇ ਗੱਲ ਕੀਤੀ ਹੈ। ਆਪਣਾ ਮਤਲਬ ਕੱਢ ਕਿ ਜੋ ਤੁਰ ਜਾਂਦੇ ਹਨ, ਉਹਨਾਂ ਬਾਰੇ ਕਵੀ ਲਿਖਦਾ ਹੈ :

ਸਾਹਮਣੇ ਸਾਡੇ ਉਹ ਮਾਰਿਆਂ
ਤੇ ਅਸੀਂ ਜਿਉਂਦੇ ਰਹੇ ਕੁਝ ਇਸ ਤਰ੍ਹਾਂ
ਜਿਉ ਕਿ ਅਸੀਂ ਜਿਉਂਦੇ ਨਾ ਸੀ।[17]

'ਬਲੀ' ਕਵਿਤਾ ਵਿਚ ਕਵੀ ਆਖਦਾ ਹੈ ਕਿ ਮਨ ਵਿਚ ਅਨੇਕਾਂ ਕਰੂੰਬਲਾਂ ਜਨਮ ਲੈਂਦੀਆਂ ਨੇ ਉਸ ਨੂੰ ਆਪਣੇ ਪਿਆਰ ਦੇ ਚਹਿਰੇ ਵਿਚ ਚੰਨ ਦਿਖਾਈ ਦਿੰਦਾ ਹੈ। ਆਪਣਾ-ਆਪ

ਸਮੁੰਦਰ ਜਾਪ ਰਿਹਾ ਹੈ, ਦਰਦ ਨਾਲ ਅੱਖਾਂ ਭਰ ਆਉਂਦੀਆਂ ਨੇ ਤੇ ਪਾਣੀ ਆਪਣੇ ਨਾਲ ਅਨੇਕਾਂ ਵਿਚਾਰ ਰੋੜ੍ਹ ਕੇ ਲੈ ਜਾਂਦਾ ਹੈ ਤੇ ਭਾਵਨਾਵਾਂ ਦੀ ਬਲੀ ਲੈ ਲੈਂਦਾ ਹੈ। 'ਮੈਂ ਤੁਰਦਾ ਹਾਂ ਤੇਰੇ ਵੱਲ' ਵਿੱਚ ਕਵੀ ਨੇ ਭੂਤਕਾਲ ਨੂੰ ਆਧਾਰ ਬਣਾ ਕਿ ਉੱਜਵਲ ਭਵਿੱਖ ਵੱਲ ਵੱਧ ਰਹੇ ਕਦਮਾਂ ਬਾਰੇ ਵਿਚਾਰ ਕੀਤਾ ਹੈ। ਉਹ ਹਰ ਸਮਾਧ, ਪਵਿੱਤਰ ਪੰਨਿਆਂ ਨੂੰ ਛੱਡ ਕੇ, ਲੋਕਾਂ ਦੇ ਸਮੇਂ ਨੂੰ ਨਜ਼ਰ-ਅੰਦਾਜ਼ ਕਰਦਾ ਅਗਾਂਹ-ਵਧੂ ਵਿਚਾਰਾਂ ਨਾਲ ਅੱਗੇ ਵੱਧ ਰਿਹਾ ਹੈ। 'ਨਮਸਕਾਰ' ਕਵਿਤਾ ਵਿਚ ਕਵੀ ਆਪਣੇ ਅੰਦਰੂਨੀ ਭਾਵਾਂ ਦਾ ਪ੍ਰਗਟਾਵਾ ਕਰ ਰਿਹਾ ਹੈ ਕਿ ਆਪਣੇ ਅੰਦਰਲੇ ਉੱਮੜ੍ਹਦੇ ਭਾਵਾਂ ਨੂੰ ਵਰਜਣਾ ਨਹੀਂ ਸਗੋਂ ਉਹਨਾਂ ਦਾ ਸੁਆਗਤ ਕਰਨਾ ਇੱਛਾਵਾਂ ਦੇ ਮਰਨ ਨਾਲ ਅਧਿਕਾਰ ਪਸਰ ਜਾਂਦਾ ਹੈ। 'ਜਦੋਂ ਮੈਂ ਬੁੱਤ ਬਣ ਜਾਂਦਾ ਹੈ' ਵਿੱਚ ਕਵੀ ਆਪਣੀ ਬੇਵੱਸੀ, ਦਰਦ ਨੂੰ ਬਿਆਨ ਕਰਦਾ ਕਹਿ ਰਿਹਾ ਹੈ ਕਿ ਜਿਉਂਦੇ ਨੂੰ ਮਾਰਨ ਵਾਲੇ ਕਾਤਲ ਮਰਨ ਤੋਂ ਬਾਅਦ ਬੁੱਤਾਂ ਨੂੰ ਹਾਰ ਪਾਉਂਦੇ ਨੇ ਕਿਉਂਕਿ ਬੁੱਤ ਅੰਦਰ ਭਾਵਨਾਵਾਂ ਨਹੀਂ ਹਨ?

ਬੁੱਤ ਨੂੰ ਹੰਝੂ ਕਦੀ ਨਾਂ
ਬੁੱਤ ਨੂੰ ਗੁੱਸਾ ਕਦੀ ਨਾ ਆਏਗਾ।[18]

'ਘੜੀ' ਕਵਿਤਾ ਵਿਚ ਕਵੀ ਸਮੇਂ ਦੀ ਭੱਜ-ਦੌੜ, ਤੇਜ਼-ਤਰਾਰ ਜ਼ਿੰਦਗੀ, ਸਭ ਇੱਕ ਗੱਡੀ ਤੇ ਸਵਾਰ ਨੇ ਪਰ ਜਾਣਾ ਕਿਸੇ ਨੇ ਕਿਤੇ ਨਹੀਂ, ਹਰ ਕੋਈ ਦੌੜ ਦਾ ਹਿੱਸਾ ਬਣ ਰਿਹਾ ਹੈ,

ਜਾਣਾ ਕਿਤੇ ਨਹੀਂ ਹੈ ਇਸਨੇ
ਐਵੇਂ ਤਿੱਖੀ ਚਾਲ ਫੜੀ ਹੈ।[19]

ਸੋ ਅਸੀਂ ਕਹਿ ਸਕਦੇ ਹਾਂ ਕਿ ਹਨੇਰੇ ਵਿਚ ਸੁਲਗਦੀ ਵਰਨਮਾਲਾ ਪੁਸਤਕ ਵਿਚ ਸੁਰਜੀਤ ਪਾਤਰ ਨੇ ਸਮਾਜ ਦੇ ਹਰ ਪੱਖ ਨੂੰ ਆਧਾਰ ਬਣਾ ਕੇ ਆਪਣੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ। ਜਿਵੇਂ ਕਿ ਇਸ ਪੁਸਤਕ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ। ਪਾਤਰ ਆਪਣੀਆਂ ਕਵਿਤਾਵਾਂ ਵਿਚ ਆਸਾ-ਨਿਰਾਸ਼, ਆਤਮ-ਉਪਦੇਸ਼, ਨਿਰਾਸ਼ਾ, ਅੰਤਰ-ਸੰਵਾਦ, ਭੂ-ਹੇਰਵਾਂ, ਪ੍ਰਦੇਸ ਜਾਣ ਦਾ ਦੁਖਾਂਤ, ਪੰਜਾਬ-ਪੰਜਾਬੀਅਤ, ਉਦਾਸੀ, ਰਾਜਨੀਤਿਕ ਸਿਸਟਮ, ਪ੍ਰਸ਼ਾਸਨ ਪ੍ਰਬੰਧ ਆਦਿ ਵਿਸ਼ਿਆਂ ਨੂੰ ਆਧਾਰ ਬਣਾਉਂਦਾ ਹੈ। ਪਾਤਰ ਦੀਆਂ ਕਵਿਤਾਵਾਂ ਸ੍ਰੋਤਿਆਂ ਨੂੰ ਨਿਰਾਸ਼ਾ ਦੀ ਥਾਂ ਆਦਰਸ਼ ਜੀਵਨ ਜਿਉਣ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ, ਉਨ੍ਹਾਂ ਦੀ ਸਕਾਰਾਤਮਕ ਸੋਚ ਵਿਚ ਵੀ ਵਾਧਾ ਕਰਦੀਆਂ ਹਨ। ਪਾਤਰ ਦੀਆਂ ਕਵਿਤਾਵਾਂ ਦੀ ਭਾਸ਼ਾ ਜਨ-ਸਾਧਾਰਨ ਪੱਧਰ ਦੀ ਹੈ। ਉਹ ਆਪਣੀ ਗੱਲ ਨੂੰ ਡੂੰਘਾਈ ਵਿਚ

ਬਿਆਨ ਕਰਨ ਲਈ ਸਮਾਜ ਵਿੱਚੋਂ ਵੱਖੋ-ਵੱਖ ਬਿੰਬ ਤੇ ਪ੍ਰਤੀਕਾਂ ਨੂੰ ਆਧਾਰ ਬਣਾਉਂਦਾ ਹੈ। ਪਾਤਰ ਜਿੱਥੇ ਸਮਕਾਲੀ ਪੰਜਾਬੀ ਸਮਾਜ ਦੀ ਗੱਲ ਕਰਦਾ ਨਜ਼ਰ ਆਉਂਦਾ ਹੈ ਉੱਥੇ ਹੀ ਪੁਰਾਤਨ ਸਮਾਜ ਦਾ ਜ਼ਿਕਰ ਕਰਦਾ ਹੋਇਆ ਪੁਰਾਤਨ ਸਮਾਜ ਨਾਲ ਸਮਕਾਲੀ ਸਮਾਜ ਦਾ ਸੰਵਾਦ ਰਚਾਉਂਦਾ ਹੈ।

**ਹਵਾਲੇ ਤੇ ਟਿੱਪਣੀਆਂ**

---

[1] ਉਧਰਿਤ, ਅਮਨਦੀਪ ਕੌਰ ਬਰਾੜ, ਪਾਤਰ ਕਾਵਿ ਚਿੰਤਨ : 'ਸੁਰਜ਼ਮੀਨ' ਵਿਸ਼ੇਸ਼ ਸੰਦਰਭ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ।

[2] ਸੰਪਾ. ਹਰਜਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਸਰਗੋਧੀਆਂ, ਦੋ ਰੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ।

[3] ਸੁਰਜੀਤ ਪਾਤਰ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਪੰਨਾ-13

[4] ਉਹੀ, ਪੰਨਾ-30

[5] ਉਹੀ, ਪੰਨਾ-17

[6] ਉਹੀ, ਪੰਨਾ-27

[7] ਉਹੀ, ਪੰਨਾ-25

[8] ਉਹੀ, ਪੰਨਾ-47

[9] ਉਹੀ, ਪੰਨਾ-118

[10] ਡਾ. ਗੁਰਦੇਵ ਸਿੰਘ, ਪੱਛਮੀ ਤੇ ਭਾਰਤੀ ਸਾਹਿਤ ਆਲੋਚਨਾ ਦੇ ਮੁੱਖ ਸਿਧਾਂਤ, ਪੰਨਾ-61

[11] ਸੁਰਜੀਤ ਪਾਤਰ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਪੰਨਾ 66

[12] ਉਹੀ, ਪੰਨਾ-81

[13] ਉਹੀ, ਪੰਨਾ -92

[14] ਉਹੀ, ਪੰਨਾ-135

[15] ਉਹੀ, ਪੰਨਾ-85

[16] ਉਹੀ, ਪੰਨਾ-99

[17] ਉਹੀ, ਪੰਨਾ-58

[18] ਉਹੀ, ਪੰਨਾ-39

[19] ਉਹੀ, ਪੰਨਾ-37